ਨਿਊਜ਼ ਰਿਲੀਜ਼

# ਕਲਾਸਰੂਮਾਂ ਵਿੱਚ ਸੋਧੇ ਹੋਏ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ

14 ਨਵੰਬਰ, 2024 ਮੀਡੀਆ ਵੱਲੋਂ ਪੁੱਛ-ਗਿਛ

## ਸਿੱਖਿਆ ਭਾਈਵਾਲਾਂ ਦੇ ਨਾਲ ਸ਼ਮੂਲੀਅਤ ਦੁਆਰਾ ਨਵੇਂ ਜੂਨੀਅਰ ਹਾਈ ਅਤੇ ਕਰੀਅਰ ਸਿੱਖਿਆ ਪਾਠਕ੍ਰਮ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਸ ਨਾਲ ਵਿਦਿਆਰਥੀਆਂ ਨੂੰ ਸਫਲਤਾ ਲਈ ਤਿਆਰ ਕੀਤਾ ਜਾਵੇਗਾ।

ਅਲਬਰਟਾ ਦੀ ਸਰਕਾਰ ਅਜਿਹਾ ਪਾਠਕ੍ਰਮ ਜੋ ਪੜ੍ਹਾਈ ਦੇ ਪ੍ਰਤੀ ਜਨੂੰਨ ਨੂੰ ਵਧਾਏਗਾ, ਵਿਕਸਿਤ ਕਰਕੇ ਸਿੱਖਿਆ ਪ੍ਰਣਾਲੀ ਦਾ ਆਧੁਨਿਕੀਕਰਨ ਕਰਨਾ ਅਤੇ ਵਿਦਿਆਰਥੀ ਦੀ ਸਫਲਤਾ ਵਿੱਚ ਸੁਧਾਰ ਕਰਨਾ ਜਾਰੀ ਰੱਖ ਰਹੀ ਹੈ। ਇਸ ਆਧੁਨਿਕੀਕਰਨ ਦੇ ਹਿੱਸੇ ਵਜੋਂ, ਅਲਬਰਟਾ ਦੀ ਸਰਕਾਰ ਆਪਣੇ ਸਿੱਖਿਆ ਭਾਈਵਾਲਾਂ ਅਤੇ ਅਧਿਆਪਕਾਂ ਨਾਲ ਸ਼ਮੂਲੀਅਤ ਸ਼ੁਰੂ ਕਰ ਰਹੀ ਹੈ ਤਾਂ ਜੋ ਗ੍ਰੇਡ 7-9 ਦੇ ਗਣਿਤ, ਗ੍ਰੇਡ 7-9 ਸਮਾਜਿਕ ਅਧਿਐਨ, ਗ੍ਰੇਡ 7-10 ਸਰੀਰਕ ਸਿੱਖਿਆ ਅਤੇ ਤੰਦਰੁਸਤੀ ਅਤੇ ਕਰੀਅਰ ਅਤੇ ਜੀਵਨ ਪ੍ਰਬੰਧਨ (CALM) ਦੇ ਲਈ ਡ੍ਰਾਫਟ ਪਾਠਕ੍ਰਮ ਤਿਆਰ ਕਰਨ ਵਿੱਚ ਮਦਦ ਮਿਲ ਸਕੇ।

ਸ਼ਮੂਲੀਅਤ ਦੁਆਰਾ ਇਹ ਯਕੀਨੀ ਬਣਾਇਆ ਜਾਵੇਗਾ ਕਿ ਭਵਿੱਖ ਦਾ ਜੂਨੀਅਰ ਹਾਈ ਪਾਠਕ੍ਰਮ ਹਾਲ ਹੀ ਵਿੱਚ ਤਿਆਰ ਕੀਤੇ ਐਲੀਮੈਂਟਰੀ ਪਾਠਕ੍ਰਮ ਨਾਲ ਮੇਲ ਖਾਂਦਾ ਹੈ।

“ਅਲਬਰਟਾ ਦੀ ਸਰਕਾਰ ਵਿਦਿਆਰਥੀਆਂ ਨੂੰ ਮਜ਼ਬੂਤ ਅਤੇ ਆਧੁਨਿਕ ਪਾਠਕ੍ਰਮ ਪ੍ਰਦਾਨ ਕਰਨ ਲਈ ਵਚਨਬੱਧ ਹੈ ਜੋ ਉਹਨਾਂ ਨੂੰ ਕਲਾਸਰੂਮ ਅਤੇ ਇਸ ਤੋਂ ਬਾਹਰ ਸਫਲਤਾ ਲਈ ਤਿਆਰ ਕਰੇ। ਜਿਸ ਵੇਲੇ ਅਸੀਂ ਮਿਲ ਕੇ ਅਜਿਹਾ ਵਿਆਪਕ ਪਾਠਕ੍ਰਮ ਬਣਾਉਣ ਲਈ ਕੰਮ ਕਰਦੇ ਹਾਂ ਜੋ ਪੜ੍ਹਾਈ ਪ੍ਰਤੀ ਜਨੂੰਨ ਨੂੰ ਪ੍ਰੇਰਿਤ ਕਰੇਗਾ ਅਤੇ ਵਿਦਿਆਰਥੀਆਂ ਨੂੰ ਵਧੇਰੇ ਨਿਕਟਤਾ ਨਾਲ ਕਰੀਅਰ ਨਾਲ ਜੋੜੇਗਾ ਉਸ ਸਮੇਂ ਸਾਡੇ ਸਿੱਖਿਆ ਭਾਈਵਾਲਾਂ ਦੀ ਮੁਹਾਰਤ ਅਤੇ ਸੂਝ ਜ਼ਰੂਰੀ ਹੈ।"

*ਡਿਮੇਟ੍ਰੀਓਸ ਨਿਕੋਲਾਈਡਸ (Demetrios Nicolaides), ਐਜੂਕੇਸ਼ਨ ਮਿਨਿਸਟਰ*

ਸ਼ਮੂਲੀਅਤ ਦੇ ਹਿੱਸੇ ਵਜੋਂ, ਭਾਈਵਾਲਾਂ ਕੋਲ ਕਰੀਅਰ ਸਿੱਖਿਆ, ਵਿੱਤੀ ਸਾਖਰਤਾ, ਬੁਨਿਆਦੀ ਜੀਵਨ ਹੁਨਰ ਅਤੇ ਘਰ ਦੀ ਸਾਂਭ-ਸੰਭਾਲ ਲਈ ਸਮੱਗਰੀ 'ਤੇ ਫੀਡਬੈਕ ਪ੍ਰਦਾਨ ਕਰਨ ਦਾ ਮੌਕਾ ਹੋਵੇਗਾ। ਇਸ ਨਾਲ ਸਮੱਗਰੀ ਅਤੇ ਕੋਰਸਾਂ ਨੂੰ

ਸੰਗਠਿਤ ਕਰਨ ਵਿੱਚ ਮਦਦ ਮਿਲੇਗੀ ਤਾਂ ਜੋ ਸਕੂਲ ਅਥਾਰਟੀਆਂ ਕਰੀਅਰ ਦੀ ਤਿਆਰੀ ਸੰਬੰਧੀ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰ ਸਕਣ ਅਤੇ ਨਾਲ ਹੀ ਕਲਾਸਰੂਮ ਵਿੱਚ ਅਤੇ ਸਕੂਲ ਤੋਂ ਬਾਅਦ ਜੀਵਨ ਵਿੱਚ ਉਹਨਾਂ ਦੀ ਸਫਲਤਾ ਵਿੱਚ ਸਹਾਇਤਾ ਕਰ ਸਕਣ।

ਨਵੰਬਰ ਵਿੱਚ, ਸਿੱਖਿਆ ਭਾਈਵਾਲ, ਜਿਸ ਵਿੱਚ ਸਿਸਟਮ ਲੀਡਰ, ਫਰਸਟ ਨੇਸ਼ਨਜ਼ ਐਜੂਕੇਸ਼ਨ ਡਾਇਰੈਕਟਰ, ਅਤੇ ਨਾਲ ਹੀ ਵਿਸ਼ਾ ਮਾਹਿਰ ਸ਼ਾਮਲ ਹਨ, ਡ੍ਰਾਫਟ ਪਾਠਕ੍ਰਮ ਅਤੇ ਸਮੱਗਰੀ ਦੀ ਸਮੀਖਿਆ ਕਰਨਗੇ। ਅਲਬਰਟਾ ਦੀ ਸਰਕਾਰ ਅਧਿਆਪਕਾਂ ਦੀ ਭਰਤੀ ਕਰਨ ਵਾਸਤੇ ਅਲਬਰਟਾ ਟੀਚਰਜ਼ ਐਸੋਸੀਏਸ਼ਨ ਅਤੇ ਸਕੂਲ ਅਥਾਰਟੀਆਂ ਨਾਲ ਕੰਮ ਕਰਨਾ ਸ਼ੁਰੂ ਕਰੇਗੀ ਤਾਂ ਜੋ ਸ਼ਮੂਲੀਅਤ ਵਿੱਚ ਬਾਅਦ ਦੇ ਪੜਾਅ 'ਤੇ ਪਾਠਕ੍ਰਮ ਵਿਕਾਸ ਵਿੱਚ ਮਦਦ ਕਰਨ ਲਈ ਕੀਮਤੀ ਰਾਏ ਦੇਣ ਵਾਸਤੇ ਡ੍ਰਾਫਟ ਸਮੱਗਰੀ ਅਤੇ ਪਾਠਕ੍ਰਮ ਦੀ ਸਮੀਖਿਆ ਕੀਤੀ ਜਾ ਸਕੇ।

ਸ਼ਮੂਲੀਅਤ ਦੀ ਪ੍ਰਕਿਰਿਆ ਵਿੱਚ ਵੱਖ-ਵੱਖ ਪੜਾਵਾਂ 'ਤੇ ਸਿੱਖਿਆ ਭਾਈਵਾਲਾਂ ਨਾਲ ਸਹਿਯੋਗ ਇਹ ਯਕੀਨੀ ਬਣਾਏਗਾ ਕਿ ਉਹਨਾਂ ਦੇ ਗਿਆਨ ਅਤੇ ਦ੍ਰਿਸ਼ਟੀਕੋਣਾਂ 'ਤੇ ਸਹੀ ਸਮੇਂ 'ਤੇ ਵਿਚਾਰ ਕੀਤਾ ਜਾਵੇ। ਇਸ ਪਹੁੰਚ ਨਾਲ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਪੇਸ਼ੇਵਰ ਬਸੰਤ 2025 ਵਿੱਚ ਡ੍ਰਾਫਟ ਸਮੱਗਰੀ ਦੇ ਜਨਤਕ ਰਿਲੀਜ਼ ਤੋਂ ਪਹਿਲਾਂ ਪਾਠਕ੍ਰਮ ਦੇ ਵਿਕਾਸ ਅਤੇ ਲਾਗੂ ਕਰਨ ਵਿੱਚ ਆਪਣੀ ਮੁਹਾਰਤ ਦਾ ਯੋਗਦਾਨ ਪਾ ਸਕਣਗੇ।

## ਮੁੱਖ ਤੱਥ

- 2022-23 ਸਕੂਲੀ ਸਾਲ ਵਿੱਚ ਲਾਗੂ ਹੋਣ ਦੇ ਬਾਅਦ ਤੋਂ, ਸਕੂਲ ਅਧਿਕਾਰੀਆਂ ਨੇ ਛੇ ਵਿਸ਼ਿਆਂ ਵਿੱਚ ਨਵਾਂ ਪਾਠਕ੍ਰਮ ਲਾਗੂ ਕੀਤਾ ਹੈ:
  - K-6 ਇੰਗਲਿਸ਼-ਲੈਂਗਵੇਜ਼ ਆਰਟਸ ਐਂਡ ਲਿਟਰੇਚਰ
  - K-6 ਗਣਿਤ
  - K-6 ਸਰੀਰਕ ਸਿੱਖਿਆ ਅਤੇ ਤੰਦਰੁਸਤੀ
  - K-6 ਫ੍ਰੈਂਚ ਫਰਸਟ ਲੈਂਗਵੇਜ਼ ਅਤੇ ਲਿਟਰੇਚਰ
  - K-6 ਫ੍ਰੈਂਚ ਇਮਰਸ਼ਨ ਲੈਂਗਵੇਜ਼ ਆਰਟਸ ਅਤੇ ਲਿਟਰੇਚਰ
  - K-6 ਵਿਗਿਆਨ
- ਇਸ ਸਕੂਲੀ ਸਾਲ, 62 ਸਕੂਲ ਅਥਾਰਟੀਆਂ ਅਲਬਰਟਾ ਦੇ 500 ਤੋਂ ਵੱਧ ਸਕੂਲਾਂ ਵਿੱਚ K-6 ਸਮਾਜਿਕ ਅਧਿਐਨ ਪਾਠਕ੍ਰਮ ਦੇ ਡ੍ਰਾਫਟ ਨੂੰ ਅਜ਼ਮਾ ਰਹੀਆਂ ਹਨ।
- 2025-26 ਸਕੂਲੀ ਸਾਲ ਵਿੱਚ, ਸਕੂਲ ਅਥਾਰਟੀਆਂ ਕੋਲ ਕਲਾਸਰੂਮਾਂ ਵਿੱਚ ਡ੍ਰਾਫਟ ਜੂਨੀਅਰ ਹਾਈ ਅਤੇ ਕਰੀਅਰ ਸਿੱਖਿਆ ਪਾਠਕ੍ਰਮ ਦੀ ਅਜ਼ਮਾਇਸ਼ ਸ਼ੁਰੂ ਕਰਨ ਅਤੇ ਹੋਰ ਫੀਡਬੈਕ ਪ੍ਰਦਾਨ ਕਰਨ ਦਾ ਵਿਕਲਪ ਹੋਵੇਗਾ।

## ਸੰਬੰਧਿਤ ਜਾਣਕਾਰੀ

- ਜੂਨੀਅਰ ਅਤੇ ਸੀਨੀਅਰ ਹਾਈ ਸਕੂਲ ਪਾਠਕ੍ਰਮ ਵਿਕਾਸ

## ਸੰਬੰਧਿਤ ਖ਼ਬਰਾਂ

- ਸੂਬਾ ਵਿਆਪੀ ਪਾਠਕ੍ਰਮ ਅਜ਼ਮਾਇਸ਼ (23 ਅਗਸਤ, 2024)

## ਮੀਡੀਆ ਪੁੱਛ-ਗਿੱਛ


### ਕੇਵਿਨ ਲੀ (Kevin Lee)

587-785-4366
ਪ੍ਰੈੱਸ ਸੈਕ੍ਰੇਟਰੀ, ਅਲਬਰਟਾ ਐਜੂਕੇਸ਼ਨ